BUDHA DAL PUBLIC SCHOOL

# Second Term Examination (15 December 2023)

## Class - XII

## Paper - Punjabi

**Time: 3 hrs.** **MM: 80**

**ਆਮ ਨਿਰਦੇਸ਼:**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

8 + 8 + 7 = 23

## ਅਡਵਾਂਸ ਪੜ੍ਹਨ-ਕੌਸ਼ਲ

1. ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਸ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ— 8 × 1 = 8

ਬੰਦਾ ਸਿੰਘ ਨੇ ਰਾਹ ਵਿੱਚ ਆਉਂਦੇ ਸਮਾਣਾ, ਕੈਥਲ, ਘੁੜਾਮ, ਸ਼ਾਹਬਾਦ, ਮੁਸਤਫ਼ਾਬਾਦ, ਕਪੂਰੀ, ਸਢਾਉਰਾ ਆਦਿ ਦੇ ਅੱਤਿਆਚਾਰੀ ਹਾਕਮਾਂ ਉੱਤੇ ਧਾਵੇ ਕੀਤੇ ਅਤੇ ਫ਼ਤਿਹ ਪ੍ਰਾਪਤ ਕੀਤੀ। ਲੰਮੇ ਸਮੇਂ ਦੇ ਜਬਰ ਤੋਂ ਤੰਗ ਆਏ ਲੋਕਾਂ ਨੇ ਸੁੱਖ ਦਾ ਸਾਹ ਲਿਆ। ਇਸੇ ਕਾਰਨ ਉਹ ਲੋਕਾਂ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ਼ ਪ੍ਰਸਿੱਧ ਹੋ ਗਿਆ। ਸੰਖੇਪ ਵਿੱਚ ਲੋਕ ਉਸ ਨੂੰ ਬੰਦਾ ਬਹਾਦਰ ਆਖਦੇ ਸਨ। ਬੰਦਾ ਬਹਾਦਰ ਦੀ ਸਭ ਤੋਂ ਵੱਡੀ ਜਿੱਤ ਸਰਹਿੰਦ ਦੀ ਸੀ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਬੰਦਾ ਬਹਾਦਰ ਦੀ ਚੜ੍ਹਤ ਦਾ ਪਤਾ ਲੱਗ ਗਿਆ ਸੀ। ਇਸ ਲਈ ਉਹ ਵੀ ਪੂਰੀ ਤਿਆਰੀ ਵਿੱਚ ਸੀ। ਬੰਦਾ ਬਹਾਦਰ ਵੀ ਜਿਵੇਂ ਆਪਣਾ ਸਾਰਾ ਗੁੱਸਾ ਇਸ ਅੱਤਿਆਚਾਰੀ ਉੱਤੇ ਕੱਢਣਾ ਚਾਹੁੰਦਾ ਸੀ। ਸਰਹਿੰਦ ਤੋਂ 15-16 ਕਿਲੋਮੀਟਰ ਦੀ ਦੂਰੀ ਉੱਤੇ ਚੱਪੜਚਿੜੀ ਦੇ ਸਥਾਨ ਉੱਤੇ ਦੋਹਾਂ ਫ਼ੌਜਾਂ ਵਿਚਕਾਰ ਘਮਸਾਨ ਯੁੱਧ ਹੋਇਆ। ਬੰਦਾ ਬਹਾਦਰ ਨੇ ਆਪਣੀ ਫ਼ੌਜ ਦੀ ਅਗਵਾਈ ਆਪ ਕੀਤੀ। 12 ਮਈ, 1710 ਈ. ਨੂੰ ਹੋਏ ਇਸ ਯੁੱਧ ਵਿੱਚ ਵਜ਼ੀਰ ਖ਼ਾਨ ਮਾਰਿਆ ਗਿਆ। ਆਪਣੇ ਸਮੇਂ ਦੇ ਇਸ ਪ੍ਰਸਿੱਧ ਸ਼ਹਿਰ ਅਤੇ ਸੂਬੇ ਦੀ ਰਾਜਧਾਨੀ ਸਰਹਿੰਦ ਉੱਤੇ ਬੰਦਾ ਬਹਾਦਰ ਦੀਆਂ ਫ਼ੌਜਾਂ ਦਾ ਕਬਜ਼ਾ ਹੋ ਗਿਆ। ਅੱਤਿਆਚਾਰੀ ਹਾਕਮਾਂ ਨੂੰ ਚੁਣ-ਚੁਣ ਕੇ ਉਹਨਾਂ ਦੇ ਕੀਤੇ ਦੀ ਸਜ਼ਾ ਦਿੱਤੀ ਗਈ। ਮੁਗ਼ਲ ਰਾਜ ਦੇ ਇਸ ਗੜ੍ਹ ਨੂੰ ਤੋੜਨਾ ਹੀ 'ਇੱਟ ਨਾਲ਼ ਇੱਟ ਖੜਕਾਉਣਾ' ਸੀ। ਉਸ ਵੇਲ਼ੇ ਉੱਤਰੀ ਭਾਰਤ ਵਿੱਚ ਸਰਹਿੰਦ ਸਭ ਤੋਂ ਵੱਡਾ ਸੂਬਾ ਸੀ। ਇਸ ਤਾਕਤਵਰ ਰਾਜਧਾਨੀ ਦੀਆਂ ਬੰਦਾ ਬਹਾਦਰ ਨੇ ਜੜ੍ਹਾਂ ਹਿਲਾ ਦਿੱਤੀਆਂ। ਵਜ਼ੀਰ ਖ਼ਾਨ ਦੇ ਮਹੱਲ ਅਤੇ ਕਿਲ੍ਹੇ ਢਹਿ-ਢੇਰੀ ਕਰ ਦਿੱਤੇ ਗਏ। ਅੱਜ ਵੀ ਇਸ ਸ਼ਹਿਰ ਦੇ ਆਲ਼ੇ-ਦੁਆਲ਼ੇ ਦੂਰ-ਦੂਰ ਤੀਕ ਟੁੱਟੇ ਇੱਟਾਂ-ਰੋੜੇ ਖਿੰਡੇ ਮਿਲਦੇ ਹਨ।

(i) ਬੰਦਾ ਸਿੰਘ ਬਹਾਦਰ ਨੂੰ ਲੋਕ ਸੰਖੇਪ ਵਿੱਚ ਕੀ ਕਹਿੰਦੇ ਹਨ ?

(ੳ) ਬੰਦਾ ਬਹਾਦਰ (ਅ) ਬੰਦਾ ਸੂਰਬੀਰ
(ੲ) ਲਛਮਣ ਦਾਸ ਜੀ (ਸ) ਬੰਦਾ ਬਰਾਗੀ

(ii) ਸੂਬੇਦਾਰ ਵਜ਼ੀਰ ਖ਼ਾਨ ਕਿੱਥੋਂ ਦਾ ਸੂਬੇਦਾਰ ਸੀ ?

(ੳ) ਸ਼ਾਹਬਾਦ ਦਾ (ਅ) ਸਮਾਣਾ ਦਾ
(ੲ) ਕਪੂਰੀ ਦਾ (ਸ) ਸਰਹਿੰਦ ਦਾ

(iii) ਸਰਹਿੰਦ ਦੀ ਘਮਸਾਨ ਲੜਾਈ ਕਿੱਥੇ ਲੜੀ ਗਈ ?

(ੳ) ਕੁਰਾਲੀ ਵਿੱਚ (ਅ) ਚੱਪੜਚਿੜੀ ਵਿੱਚ
(ੲ) ਖਰੜ ਵਿੱਚ (ਸ) ਇਨ੍ਹਾਂ ਵਿਚੋਂ ਕੋਈ ਨਹੀਂ

(iv) ਚੱਪੜਚਿੜੀ ਸਰਹਿੰਦ ਤੋਂ ਕਿੰਨੀ ਦੂਰੀ ਉੱਤੇ ਸਥਿਤ ਹੈ ?

(ੳ) 10-12 ਕਿਲੋਮੀਟਰ (ਅ) 12-14 ਕਿਲੋਮੀਟਰ
(ੲ) 15-16 ਕਿਲੋਮੀਟਰ (ਸ) 16-17 ਕਿਲੋਮੀਟਰ

(v) ਬੰਦਾ ਸਿੰਘ ਬਹਾਦਰ ਦੇ ਸਮੇਂ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਸੂਬਾ ਕਿਹੜਾ ਸੀ ?

(ੳ) ਸਮਾਣਾ (ਅ) ਸਰਹਿੰਦ
(ੲ) ਮੁਸਤਫ਼ਾਬਾਦ (ਸ) ਸ਼ਾਹਬਾਦ

(vi) ਚੱਪੜਚਿੜੀ ਦੀ ਲੜਾਈ ਕਦੋਂ ਲੜੀ ਗਈ ?

(ੳ) 15 ਮਈ, 1710 ਈ. (ਅ) 12 ਮਈ, 1710 ਈ.
(ੲ) 2 ਮਈ, 1710 ਈ. (ਸ) 22 ਮਈ, 1710 ਈ.

(*vii*) ਚੱਪੜਚਿੜੀ ਦੀ ਲੜਾਈ ਵਿੱਚ ਕਿਹੜਾ ਸੂਬੇਦਾਰ ਮਾਰਿਆ ਗਿਆ ?

(ੳ) ਵਜ਼ੀਰ ਖ਼ਾਨ (ਅ) ਜਹੀਰ ਖ਼ਾਨ

(ੲ) ਅਸਦ ਖ਼ਾਨ (ਸ) ਕਾਮ ਬਖਸ਼

(*viii*) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

(ੳ) ਸਰਹਿੰਦ (ਅ) ਬੰਦਾ ਬਹਾਦਰ

(ੲ) ਬੰਦਾ ਬਹਾਦਰ ਦੀ ਸਰਹਿੰਦ ਫ਼ਤਿਹ (ਸ) ਬੰਦਾ ਬਹਾਦਰ ਦੀਆਂ ਲੜਾਈਆਂ

## ਪ੍ਰਭਾਵਸ਼ਾਲੀ ਲਿਖਣ-ਕੌਸ਼ਲ

2. ਤੁਸੀਂ ਵੇਰਕਾ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ। ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ। 8

ਜਾਂ

ਭਾਰਤ ਟ੍ਰੈਕਟਰ ਕੰਪਨੀ, ਪੰਚਕੂਲਾ ਵੱਲੋਂ ਸੱਜਣ ਆਟੋ ਸਪੇਅਰਜ਼, ਬਰਨਾਲਾ ਨੂੰ ਸਪੇਅਰ ਪਾਰਟਸ ਦੀ ਏਜੰਸੀ ਨਹੀਂ ਦਿੱਤੀ ਗਈ ਕਿਉਂਕਿ ਇੱਕ ਤਾਂ ਉਹਨਾਂ ਕੋਲ਼ ਖੁੱਲ੍ਹੀ ਜਗ੍ਹਾ ਨਹੀਂ ਹੈ ਅਤੇ ਦੂਸਰੇ ਉਸ ਸ਼ਹਿਰ ਵਿੱਚ ਪਹਿਲਾਂ ਹੀ ਇੱਕ ਏਜੰਸੀ ਹੈ। ਸੱਜਣ ਆਟੋ ਸਪੇਅਰਜ਼ ਵੱਲੋਂ ਇਸ ਕੇਸ ਨੂੰ ਦੁਬਾਰਾ ਖੋਲ੍ਹਣ ਅਤੇ ਏਜੰਸੀ ਦੇਣ ਦੇ ਹੱਕ ਵਿੱਚ ਦਲੀਲਾਂ ਦਿਓ।

3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7

ਸੋਸ਼ਲ ਮੀਡੀਆ ਜਾਂ ਵਿਦਿਆ ਮਨ ਮੰਦਰ ਦਾ ਘਰ

## ਵਿਹਾਰਕ ਵਿਆਕਰਨ

13

3 × 1 = 3

4. ਵਾਕ-ਵਟਾਂਦਰਾ

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ।

(*i*) ਅਭਿਜੋਤ ਦਫ਼ਤਰ ਜਾ ਕੇ ਕੰਮ ਵਿੱਚ ਮਸਤ ਹੋ ਜਾਂਦਾ ਹੈ। (ਸੰਜੁਗਤ ਵਾਕ ਬਣਾਓ)

(*ii*) ਵੰਦਨਾ ਆਪਣੇ ਪਹਿਲੇ ਦਰਜੇ 'ਤੇ ਆਉਣ ਬਾਰੇ ਪਹਿਲਾਂ ਹੀ ਜਾਣਦੀ ਸੀ। (ਮਿਸ਼ਰਿਤ ਵਾਕ ਬਣਾਓ)

(*iii*) ਦਵਾਈ ਖਾਓ ਅਤੇ ਤੰਦਰੁਸਤ ਹੋ ਜਾਓ। (ਸਧਾਰਨ ਵਾਕ ਬਣਾਓ)

(*iv*) ਜੇਕਰ ਪਰਹੇਜ਼ ਨਹੀਂ ਰੱਖੋਗੇ ਤਾਂ ਸਿਹਤ ਖ਼ਰਾਬ ਹੋ ਜਾਵੇਗੀ। (ਹਾਂ-ਵਾਚਕ ਵਾਕ ਬਣਾਓ)

5 × 2 = 10

5. ਅਖਾਣ/ਅਖਾਉਤਾਂ—

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ—

(*i*) ਅਸ਼ਰਫੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ, (*ii*) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ, (*iii*) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ, (*iv*) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ, (*v*) ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼, (*vi*) ਉੱਖਲ਼ੀ ਵਿੱਚ ਸਿਰ ਦਿੱਤਾ ਤਾਂ ਮੋਹਲ਼ਿਆਂ ਦਾ ਕੀ ਡਰ।

ਸਾਹਿਤ (ਪਾਠ-ਪੁਸਤਕ ਅਧਾਰਿਤ ਪ੍ਰਸ਼ਨ)

**ਪ੍ਰ6. ਹੇਠ ਦਿੱਤੀਆਂ ਗਈਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:** (3+5=8)

ਸਾਡੇ ਵਿਹੜੇ ਮਰੀ ਕਹਾਣੀ
ਇੱਕ ਸੀ ਰਾਜਾ, ਇੱਕ ਸੀ ਰਾਣੀ
ਕਦੀ ਕਦੀ ਮੇਰੀ ਮਾਂ ਆਖੇ
'ਵੇ ਮੇਰੇ ਦੁੱਖ-ਦਰਦ ਦੇ ਹਾਣੀ,
ਮੇਰੀ ਹਿੱਕ ਨੂੰ ਲੱਗ ਕੇ ਸੌਂ ਜਾ
ਜਿਸ ਥਾਂਉਂ ਤੇਰਾ ਬਾਪ ਸਿਧਾਇਆ
ਉਸ ਥਾਂਵੇਂ ਕੋਈ ਪਾਪ ਨ ਆਵੇ
ਮੇਰੇ ਬੂਟੇ, ਗੱਭਰੂ ਹੋ ਜਾ
ਤੇਰੀ ਛਾਂਵੇ ਮੈਂ ਸੌਂ ਜਾਵਾਂ
ਕਦੇ ਕਦੇ ਬਾਲਾਂ ਦੇ ਕੁੱਛੜ
ਸੌਣ ਨਿਚਿੰਤ, ਨਿਕਰਮਣ ਮਾਂਵਾਂ।

**ਜਾਂ**

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ,
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ,
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ
ਵੇ ਦਰਦਮੰਦਾਂ ਦਿਆ ਦਰਦੀਆ ! ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

**ਪ੍ਰ7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** **(1×4=4)**

ੳ) ਕਵਿਤਾ 'ਆਖਾਂ ਵਾਰਸ ਸ਼ਾਹ ਨੂੰ' ਵਿੱਚ ਲਾਸ਼ਾਂ ਕਿੱਥੇ ਵਿਛੀਆਂ ਪਈਆਂ ਹਨ?
1) ਖੇਤਾਂ ਵਿੱਚ 2) ਘਰ ਵਿੱਚ 3) ਬੇਲੇ ਵਿੱਚ 4) ਮੈਦਾਨ ਵਿੱਚ

ਅ) 'ਗੀਤ' ਵਿੱਚ ਕਵੀ ਭੱਠੀ ਵਾਲੀ ਨੂੰ ਭਾੜੇ ਵਿੱਚ ਕੀ ਦੇਣ ਦੀ ਗੱਲ ਕਰਦਾ ਹੈ?
1) ਪੰਜ ਸੌ ਰੁਪਏ 2) ਹਾਸੇ 3) ਹੰਝੂ 4) ਪਿਆਰ

ੲ) ਮੇਰਾ ਬਚਪਨ ਕਵਿਤਾ ਦੇ ਅਧਾਰ 'ਤੇ ਦੱਸੋ ਕਿਸ ਦਾ ਬਚਪਨ ਹਾਲੇ ਨਹੀਂ ਆਇਆ?
1) ਕਵੀ ਦੇ ਪੁੱਤਰ ਦਾ 2) ਕਵਿਤਾ ਦੇ ਮੈਂ ਪਾਤਰ ਦਾ 3) ਮੈਂ ਪਾਤਰ ਦੇ ਬੱਚਿਆਂ ਦਾ 4) ਕਵੀ ਦੀ ਬੇਟੀ ਦਾ

ਸ) ਪਲੋ ਪਲੀ ਕਸ ਦੇ ਅੰਗ ਨੀਲੇ ਹੋ ਗਏ?
1) ਪੰਜਾਬ 2) ਹਰਿਆਣਾ 3) ਪਾਕਿਸਤਾਨ ਸ) ਪਟਿਆਲਾ

'ਆਪਣੇ' ਦੀ ਪਾਤਰ ਜੀਤੋ ਦਾ ਪਾਤਰ ਚਿਤਰਨ ਕਰੋ।

**ਜਾਂ**

ਕਹਾਣੀ 'ਮਾੜਾ ਬੰਦਾ' ਦਾ ਵਿਸ਼ਾ-ਵਸਤੂ ਲਿਖੋ।

**ਪ੍ਰ9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** (1×5=5)

ੳ) ਲੇਖਕ ਦੀ ਪਤਨੀ ਰਿਕਸ਼ੇ ਵਾਲੇ ਨੂੰ ਕੀ ਪਿਆਉਣਾ ਚਾਹੁੰਦੀ ਹੈ?

1) ਪਾਣੀ 2) ਕੌਫੀ 3) ਲੱਸੀ 4) ਚਾਹ

ਅ) ਸਬਜ਼ੀ ਨਾਲ ਕਿਸ ਦੇ ਕੱਪੜੇ ਖ਼ਰਾਬ ਹੋ ਗਏ?

1) ਜੀਤੋ ਦੇ 2) ਜੀਤੋ ਦੀ ਭੈਣ ਦਾ 3) ਜੀਤੋ ਦੇ ਭਰਾ ਦਾ 4) ਜੀਤੋ ਦੀ ਮਾਂ ਦੇ

ੲ) ਜੀਤੋ ਆਪਣੇ ਵੀਰੇ ਕੋਲ ਚਾਰ ਮਹੀਨੇ ਕਿੱਥੇ ਰਹੀ ਸੀ?

1) ਪਿਲੱਖਣੀ 2) ਬੁੱਢਣਪੁਰ 3) ਨੀਲੋਖੇੜੀ 4) ਨੰਦਪੁਰ

ਸ) ਮਾੜਾ ਬੰਦਾ ਕਹਾਣੀ ਦੇ ਲੇਖਕ ਮਹੀਨੇ ਵਿੱਚ ਕਿੰਨੀ ਵਾਰ ਸਿਨੇਮਾ ਦੇਖਦਾ ਸੀ?

1) ਤਿੰਨ 2) ਦੋ-ਤਿੰਨ ਵਾਰ 3) ਇੱਕ ਵਾਰ 4) ਦੋ ਵਾਰ

ਹ) ਖਾਣੇ ਪਿੱਛੋਂ ਬਰਾਤੀਆਂ ਨੂੰ ਕੀ ਦੇਣਾ ਬਹੁਤ ਜ਼ਰੂਰੀ ਸੀ?

1) ਖੀਰ 2) ਫਲ 3) ਗੁੜ 4) ਜਵੈਣ

**ਪ੍ਰ10. ਹੇਠ ਦਿੱਤੇ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ:** (2×4=8)

ੳ) ਜੀਤੋ ਦੇ ਵੀਰ ਨੂੰ ਗੱਚ ਕਿਸ ਗੱਲ ਕਰਕੇ ਆ ਗਿਆ?

ਅ) ਲੇਖਕ ਦੇ ਰਿਕਸ਼ੇ ਵਾਲੇ ਬਾਰੇ ਕੀ ਵਿਚਾਰ ਹਨ, ਆਪਣੇ ਸ਼ਬਦਾਂ ਵਿੱਚ ਲਿਖੋ।

ੲ) ਲੇਖਕ ਦੀ ਪਤਨੀ ਬੇਚੈਨ ਕਿਉਂ ਹੋ ਰਹੀ ਸੀ?

ਸ) ਜੀਤੋ ਦੇ ਵੀਰ ਦੇ ਸੁਭਾਅ ਬਾਰੇ ਦੱਸੋ।

ਹ) ਰਿਕਸ਼ੇ ਵਾਲੇ ਨੇ ਪੈਸੇ ਕਿਉਂ ਵਗਾਹ ਮਾਰੇ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

**ਪ੍ਰ11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ:** (1×5=5)

ੳ) ਕਿਸ ਖੇਡ ਵਿੱਚ ਖਿਡਾਰੀ ਇੱਕ-ਦੂਜੇ ਦਾ ਲੱਕ ਫੜ ਕੇ ਕੁੱਬੇ ਹੋ ਕੇ ਖਲੋਂਦੇ ਹਨ?

1) 'ਸ਼ੱਕਰ-ਭਿੱਜੀ' ਵਿੱਚ ਅ) 'ਬਾਂਦਰ-ਕੀਲਾ' ਵਿੱਚ ੲ) 'ਕੂਕਾਂ-ਕਾਂਗੜੇ ਵਿੱਚ ਸ) 'ਡੰਡਾ-ਡੁਕ' ਵਿੱਚ

ਅ) ਪੰਜਾਬ ਦੀ ਰਾਸ਼ਟਰੀ ਖੇਡ ਕਿਹੜੀ ਹੈ?

1) ਕ੍ਰਿਕਟ 2) ਹਾਕੀ 3) ਕਬੱਡੀ 4) ਫੁੱਟਬਾਲ

ੲ) ਪੁਰਾਤਨ ਗ੍ਰੰਥ ਵਿੱਚ ਕਿਸ ਨਾਚ ਦਾ ਨਾਂ ਹਲੀਸਨ ਸੀ?

1) ਹੁੱਲੇ-ਹੁਲਾਰੇ 2) ਸੰਮੀ 3) ਲੁੱਡੀ 4) ਗਿੱਧਾ

ਸ) 'ਸਾਂਦਲ ਬਾਰ' (ਪਾਕਿਸਤਾਨ) ਦੇ ਲੋਕਾਂ ਦਾ ਹਰਮਨ-ਪਿਆਰਾ ਲੋਕ-ਗੀਤ ਕਿਹੜਾ ਹੈ?

1) ਮਾਹੀਆ ਅ) ਢੋਲਾ ਏ) ਟੱਪੇ ਸ) ਮਿਰਜ਼ਾ

ਹ) ਕਿਸ ਖੇਡ ਵਿੱਚ ਦਾਈ ਦੇਣ ਵਾਲੇ ਦੇ ਸਿਰ 'ਤੇ ਜੁੱਤੀਆਂ ਦੀ ਵਰਖਾ ਹੁੰਦੀ ਹੈ?

1) ਗੁੱਲੀ-ਡੰਡਾ 2) ਪੀਲ-ਪਲਾਂਘੜਾ 3) ਬਾਂਦਰ-ਕੀਲਾ 4) ਸ਼ੱਕਰ-ਭਿੱਜੀ

**ਪ੍ਰ12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ।** (4×2=8)

ੳ) ਇਸਤਰੀਆਂ ਦੇ ਲੋਕ-ਨਾਚਾਂ ਦਾ ਸੰਖੇਪ ਵਰਣਨ ਕਰੋ।

ਅ) ਅੱਡੀ-ਛੜੱਪਾ ਜਾਂ ਅੱਡੀ-ਟੱਪਾ ਖੇਡ ਬਾਰੇ ਤੁਸੀਂ ਕੀ ਜਾਣਦੇ ਹੋ?

ੲ) ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਸਿੱਧ ਕਰੋ ਕਿ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ?